ਵਲੋਂ

ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ,
(ਤਕਨੀਕੀ ਸਿੱਖਿਆ ਸ਼ਾਖਾ-2), ਚੰਡੀਗੜ੍ਹ।

ਸੇਵਾ ਵਿਖੇ

ਪ੍ਰਿੰਸੀਪਲ/ਡਾਇਰੈਕਟਰ/ਰਜਿਸਟਰਾਰ,
ਸਮੂਹ ਇੰਜੀਨੀਅਰਿੰਗ/ਬਹੁਤਕਨੀਕੀ ਕਾਲਜ

ਮੀਮੋ ਨੰ: 1 ਟੀਈ/ਪੀ.ਐਮ.ਐਸ. 2380-2550
ਮਿਤੀ: 17/9/12

ਵਿਸ਼ਾ: **ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਅਨੁਸੂਚਿਤ ਜਾਤੀ ਅਤੇ ਪਛੜੀ ਸ਼੍ਰੇਣੀ ਨਾਲ ਸਬੰਧਤ ਸਾਲ 2012-13 ਦੇ ਕੇਸ ਭੇਜਣ ਬਾਰੇ।**

ਇਹ ਦੱਸਿਆ ਜਾਂਦਾ ਹੈ ਕਿ ਇਸ ਡਾਇਰੈਕਟੋਰੇਟ ਵਲੋਂ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ ਦੀਆਂ ਹੇਠ ਲਿਖੇ ਅਨੁਸਾਰ 06 ਸਕੀਮਾਂ ਚਲਾਈਆਂ ਜਾ ਰਹੀਆਂ ਹਨ:-

| ਸਕੀਮ ਦਾ ਨਾਂ | ਸਕੀਮ ਦੀਆਂ ਸ਼ਰਤਾਂ | ਲਾਭਪਾਤਰੀ | ਦਿੱਤੇ ਜਾਣ ਵਾਲੇ ਲਾਭ | ਟਿੱਪਣੀ |
|---|---|---|---|---|
| ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਟੂਡੈਂਟਸ (ਨਾਨ-ਪਲਾਨ) (ਕੇਂਦਰੀ ਪ੍ਰਾਯੋਜਿਤ ਸਕੀਮ | 1. ਵਿਦਿਆਰਥੀ ਪੰਜਾਬ ਰਾਜ ਦਾ ਅਨੁਸੂਚਿਤ ਜਾਤੀ ਨਾਲ ਸਬੰਧਤ ਹੋਵੇ।<br>2. ਵਿਦਿਆਰਥੀ ਪੰਜਾਬ ਦਾ ਵਾਸੀ ਹੋਵੇ<br>3. ਵਿਦਿਆਰਥੀ ਦੇ ਮਾਪਿਆਂ/Guardians ਦੀ ਸਾਰੇ ਸੋਮਿਆ ਤੋਂ ਸਲਾਨਾ ਆਮਦਨ 2 ਲੱਖ ਰੁਪਏ ਤੋਂ ਘੱਟ ਹੋਵੇ। | ਅਨੁਸੂਚਿਤ ਜਾਤੀ ਨਾਲ ਸਬੰਧਤ | 1. ਵਿਦਿਆਰਥੀ ਤੋਂ ਲਏ ਜਾਣ ਵਾਲੇ ਟਿਊਸ਼ਨ ਫੀਸ ਅਤੇ ਨਾਨ ਰਿਫੰਡਏਬਲ ਚਾਰਜਿਜ ਨਹੀਂ ਲਏ ਜਾਣਗੇ। | ਭਲਾਈ ਵਿਭਾਗ ਵਲੋਂ ਵੱਖਰੇ ਤੌਰ ਤੇ ਡਿਗਰੀ ਦੇ ਹੋਸਟਲਰ ਵਿਦਿਆਰਥੀਆਂ ਲਈ 1200/- ਰੁਪਏ ਅਤੇ ਡੇ ਸਕਾਲਰ ਵਿਦਿਆਰਥੀਆ ਲਈ 550/- ਰੁਪਏ ਪ੍ਰਤੀ ਮਹੀਨਾ ਅਤੇ ਇਸੇ ਤਰ੍ਹਾਂ ਡਿਪਲੋਮਾ ਕਰਦੇ ਹੋਸਟਲਰ ਵਿਦਿਆਰਥੀਆਂ ਲਈ 380/- ਰੁਪਏ ਅਤੇ ਡੇ ਸਕਾਲਰ ਵਿਦਿਆਰਥੀਆਂ ਲਈ 230/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਮੈਂਟੀਨੈਂਸ ਅਲਾਊਂਸ ਦਿੱਤਾ ਜਾਂਦਾ ਹੈ। |

| | | | | |
|---|---|---|---|---|
| ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਓ.ਬੀ.ਸੀਜ਼ ਸਟੂਡੈਂਟਸ੍ਹ ਸਕੀਮ (ਕੇਂਦਰੀ ਪ੍ਰਾਯੋਜਿਤ ਸਕੀਮ) | 1. ਵਿਦਿਆਰਥੀ ਪੰਜਾਬ ਰਾਜ ਦਾ ਪਛੜੀ ਸ਼੍ਰੇਣੀ ਜਾਤੀ ਨਾਲ ਸਬੰਧਤ ਹੋਵੇ।<br>2. ਵਿਦਿਆਰਥੀ ਪੰਜਾਬ ਦਾ ਵਾਸੀ ਹੋਵੇ।<br>3. ਵਿਦਿਆਰਥੀ ਦੇ ਮਾਪਿਆਂ/Guardians ਦੀ ਸਾਰੇ ਸੋਮਿਆ ਤੋਂ ਸਲਾਨਾ ਆਮਦਨ 1 ਲੱਖ ਰੁਪਏ ਤੋਂ ਘੱਟ ਹੋਵੇ। | ਪਛੜੀ ਸ਼੍ਰੇਣੀ ਜਾਤੀ ਨਾਲ ਸਬੰਧਤ | ਵਿਦਿਆਰਥੀਆਂ ਤੋਂ ਟਿਊਸ਼ਨ ਫੀਸ ਅਤੇ ਨਾਨ ਰਿਫੰਡਏਬਲ ਚਾਰਜਿਜ ਸੰਸਥਾਵਾਂ ਵਲੋਂ ਲਏ ਜਾਣਗੇ ਜਿਹੜੇ ਕਿ ਬਾਅਦ ਵਿੱਚ ਇਸ ਦਫਤਰ ਰਾਹੀਂ ਭਲਾਈ ਵਿਭਾਗ ਵਲੋਂ ਰਿਫੰਡ ਕੀਤੇ ਜਾਣਗੇ। | ਭਲਾਈ ਵਿਭਾਗ ਵਲੋਂ ਵੱਖਰੇ ਤੌਰ ਤੇ ਡਿਗਰੀ ਦੇ ਹੋਸਟਲਰ ਵਿਦਿਆਰਥੀਆਂ ਲਈ 510/- ਰੁਪਏ ਅਤੇ ਡੇ ਸਕਾਲਰ ਵਿਦਿਆਰਥੀਆਂ ਲਈ 325/- ਰੁਪਏ ਪ੍ਰਤੀ ਮਹੀਨਾ ਅਤੇ ਇਸੇ ਤਰ੍ਹਾਂ ਡਿਪਲੋਮਾ ਕਰਦੇ ਹੋਸਟਲਰ ਵਿਦਿਆਰਥੀਆਂ ਲਈ 260/- ਰੁਪਏ ਅਤੇ ਡੇ ਸਕਾਲਰ ਵਿਦਿਆਰਥੀਆਂ ਲਈ 160/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਮੈਂਟੀਨੈਂਸ ਅਲਾਊਂਸ ਦਿੱਤਾ ਜਾਂਦਾ ਹੈ। |
| ਅਨੁਸੂਚਿਤ ਜਾਤੀਆਂ ਦੀਆਂ ਪੋਸਟ ਮੈਟ੍ਰਿਕ ਅਤੇ ਪੋਸਟ ਗਰੈਜੂਏਟ ਕਲਾਸਾਂ ਵਿੱਚ ਪੜ੍ਹ ਰਹੀਆਂ ਲੜਕੀਆਂ ਨੂੰ ਸਪੈਸ਼ਲ ਗ੍ਰਾਂਟ ਦੇਣ ਦੀ ਸਕੀਮ (ਨਾਨ ਪਲਾਨ) | 1. ਵਿਦਿਆਰਥੀ ਪੰਜਾਬ ਰਾਜ ਦਾ ਅਨੁਸੂਚਿਤ ਜਾਤੀ ਨਾਲ ਸਬੰਧਤ ਹੋਵੇ।<br>2. ਵਿਦਿਆਰਥੀ ਪੰਜਾਬ ਦਾ ਵਾਸੀ ਹੋਵੇ<br>3. ਵਿਦਿਆਰਥੀ ਦੇ ਮਾਪਿਆਂ/Guardians ਦੀ ਸਾਰੇ ਸੋਮਿਆ ਤੋਂ ਸਲਾਨਾ ਆਮਦਨ 65,960/- ਰੁਪਏ ਤੋਂ ਘੱਟ ਹੋਵੇ। | ਅਨੁਸੂਚਿਤ ਜਾਤੀ ਨਾਲ ਸਬੰਧਤ | ਇਸ ਸਕੀਮ ਤਹਿਤ ਡੇ ਸਕਾਲਰ ਵਿਦਿਆਰਥਣਾਂ ਨੂੰ 125/- ਰੁਪਏ ਅਤੇ ਹੋਸਟਲਰ ਵਿਦਿਆਰਥਣਾਂ ਨੂੰ 250/- ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਸਕਾਲਰਸ਼ਿਪ ਦਿੱਤਾ ਜਾਂਦਾ ਹੈ। | - |
| ਡੀ-ਨੋਟੀਫਾਈਡ ਟਰਾਈਬਜ਼ (ਵਿਮੁਕਤ ਜਾਤੀ) ਦੇ ਵਿਦਿਆਰਥੀਆਂ ਨੂੰ ਵਜ਼ੀਫਾ ਦੇਣ ਦੀ ਸਕੀਮ (ਨਾਨ ਪਲਾਨ) | 1. ਵਿਦਿਆਰਥੀ ਪੰਜਾਬ ਰਾਜ ਦਾ ਵਿਮੁਕਤ ਜਾਤੀ ਨਾਲ ਸਬੰਧਤ ਹੋਵੇ।<br>2. ਪੰਜਾਬ ਦਾ ਵਾਸੀ ਹੋਵੇ।<br>3. ਵਿਦਿਆਰਥੀ ਦੇ ਮਾਪਿਆਂ/Guardians ਦੀ ਸਾਰੇ ਸੋਮਿਆ ਤੋਂ ਸਲਾਨਾ ਆਮਦਨ 50,000/- ਰੁਪਏ ਤੋਂ ਘੱਟ ਹੋਵੇ। | ਵਿਮੁਕਤ ਜਾਤੀ ਨਾਲ ਸਬੰਧਤ | ਇਸ ਸਕੀਮ ਤਹਿਤ ਡਿਗਰੀ ਕਰਦੇ ਡੇ ਸਕਾਲਰ ਵਿਦਿਆਰਥੀ ਨੂੰ 477/- ਰੁਪਏ ਅਤੇ ਹੋਸਟਲਰ ਵਿਦਿਆਰਥੀ ਨੂੰ 745/- ਰੁਪਏ ਪ੍ਰਤੀ ਮਹੀਨਾ ਅਤੇ ਡਿਪਲੋਮਾ ਕਰਦੇ ਡੇ ਸਕਾਲਰ ਵਿਦਿਆਰਥੀ ਨੂੰ 157/- ਰੁਪਏ ਅਤੇ ਹੋਸਟਲਰ ਵਿਦਿਆਰਥੀ | - |

| | | | | |
|---|---|---|---|---|
| | | | ਲਈ 432/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਸਕਾਲਰਸ਼ਿਪ ਦਿੱਤਾ ਜਾਂਦਾ ਹੈ। | |
| ਅਨੁਸੂਚਿਤ ਜਾਤੀਆਂ ਦੇ ਮੈਡੀਕਲ/ਇੰਜੀਨੀਅਰਿੰਗ ਕਾਲਜਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਗ੍ਰਾਂਟ ਦੇਣ ਦੀ ਸਕੀਮ (ਨਾਨ ਪਲਾਨ | 1. ਵਿਦਿਆਰਥੀ ਪੰਜਾਬ ਰਾਜ ਦਾ ਅਨੁਸੂਚਿਤ ਜਾਤੀ ਨਾਲ ਸਬੰਧਤ ਹੋਵੇ।<br>2. ਵਿਦਿਆਰਥੀ ਪੰਜਾਬ ਦਾ ਵਾਸੀ ਹੋਵੇ।<br>3. ਵਿਦਿਆਰਥੀ ਦੇ ਮਾਪਿਆਂ/Guardians ਦੀ ਸਾਰੇ ਸੋਮਿਆ ਤੋਂ ਸਲਾਨਾ ਆਮਦਨ 65,960/- ਰੁਪਏ ਤੋਂ ਘੱਟ ਹੋਵੇ। | ਅਨੁਸੂਚਿਤ ਜਾਤੀ ਨਾਲ ਸਬੰਧਤ | ਇਸ ਸਕੀਮ ਤਹਿਤ ਡੇ ਸਕਾਲਰ ਵਿਦਿਆਰਥਣਾਂ ਨੂੰ 125/- ਰੁਪਏ ਅਤੇ ਹੋਸਟਲਰ ਵਿਦਿਆਰਥਣਾਂ ਨੂੰ 250/- ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਸਕਾਲਰਸ਼ਿਪ ਦਿੱਤਾ ਜਾਂਦਾ ਹੈ। | |
| ਮੈਰਿਟ-ਕਮ-ਮੀਨਜ ਸਕਾਲਰਸ਼ਿਪ ਕਮਿਉਨਿਟੀ ਸਟੂਡੈਂਟਸ | 1. ਵਿਦਿਆਰਥੀ ਸਿੱਖ, ਮੁਸਲਮਾਨ, ਕ੍ਰਿਸ਼ਚੀਅਨ ਅਤੇ ਬੁੱਧਇਸ਼ਟ ਧਰਮ ਨਾਲ ਸਬੰਧਤ ਹੋਵੇ।<br>2. ਵਿਦਿਆਰਥੀ ਦੇ ਮਾਪਿਆਂ ਦੀ ਆਮਦਨ 2.50 ਲੱਖ ਰੁਪਏ ਤੋਂ ਘੱਟ ਹੋਵੇ।<br>3. ਡਿਗਰੀ ਪੱਧਰ ਦੀ ਸਿੱਖਿਆ ਆਦਿ ਤੋਂ 50% ਨੰ: ਲਏ ਹੋਣਾ ਲਾਜ਼ਮੀ ਹੈ। | ਸਿੱਖ, ਮੁਸਲਮਾਨ, ਕ੍ਰਿਸ਼ਚੀਅਨ ਅਤੇ ਬੁੱਧਇਸ਼ਟ ਧਰਮ ਨਾਲ ਸਬੰਧਤ ਹੋਵੇ। | ਵਿਦਿਆਰਥੀਆਂ ਤੋਂ ਟਿਊਸ਼ਨ ਫੀਸ ਅਤੇ ਨਾਨ ਰਿਫੰਡਏਬਲ ਚਾਰਜਿਜ ਸੰਸਥਾਵਾਂ ਵਲੋਂ ਲਏ ਜਾਣਗੇ। | ਭਲਾਈ ਵਿਭਾਗ ਵਲੋਂ ਇਸ ਸਕੀਮ ਤਹਿਤ ਹੋਸਟਲਰ ਵਿਦਿਆਰਥੀ ਨੂੰ 30,000/- ਰੁਪਏ ਅਤੇ ਡੇ ਸਕਾਲਰ ਵਿਦਿਆਰਥੀ ਨੂੰ 25,000/- ਰੁਪਏ ਪ੍ਰਤੀ ਸਾਲ ਦੇ ਹਿਸਾਬ ਨਾਲ ਸਕਾਲਰਸ਼ਿਪ ਦਿੱਤਾ ਜਾਂਦਾ ਹੈ। |

ਉਪਰੋਕਤ ਤੋਂ ਇਲਾਵਾ ਇੱਕ ਸਕੀਮ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਸਟੂਡੈਂਟਸ ਬਿਲੋਂਗਿੰਗ ਟੂ ਮਨਿਓਰਟੀ ਕਮਿਉਨਿਟੀਜ਼ (ਘੱਟ ਗਿਣਤੀ ਵਰਗ ਨਾਲ ਸਬੰਧਤ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ) (100% ਕੇਂਦਰੀ ਪ੍ਰਾਯੋਜਿਤ ਸਕੀਮ) ਹੈ ਜੋ ਸਿੱਧੇ ਹੀ ਭਲਾਈ ਵਿਭਾਗ ਵਲੋਂ ਚਲਾਈ ਜਾਂਦੀ ਹੈ।

ਉਪਰੋਕਤ ਦਰਸਾਈਆਂ ਸਕੀਮਾਂ ਇਸ ਵਿਭਾਗ ਵਲੋਂ ਚਲਾਈਆਂ ਜਾ ਰਹੀਆਂ ਹਨ ਅਤੇ ਫੰਡਜ ਭਲਾਈ ਵਿਭਾਗ ਵਲੋਂ ਸਿੱਧੇ ਤੌਰ ਤੇ ਵਿਦਿਆਰਥੀਆਂ ਨੂੰ ਮੁਹੱਈਆ ਕਰਵਾਏ ਜਾਂਦੇ ਹਨ ਅਤੇ ਸੰਸਥਾਵਾਂ ਪਾਸੋਂ ਪ੍ਰਾਪਤ ਕਲੇਮਾਂ ਦੀ ਸੂਚੀ ਭਲਾਈ ਵਿਭਾਗ ਨੂੰ ਇਸ ਵਿਭਾਗ ਵਲੋਂ ਭੇਜੀ ਜਾਂਦੀ ਹੈ। ਇਹਨਾਂ ਕਲੇਮਾਂ ਦੇ ਆਧਾਰ ਤੇ ਹੀ ਭਲਾਈ ਵਿਭਾਗ ਵਲੋਂ ਫੰਡਜ ਵਿਦਿਆਰਥੀਆਂ ਨੂੰ ਮੁਹੱਈਆ ਕਰਵਾਏ ਜਾਂਦੇ ਹਨ।

ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਭਲਾਈ ਵਿਭਾਗ ਵਲੋਂ ਇਹ ਮਹਿਸੂਸ ਕੀਤਾ ਗਿਆ ਹੈ ਕਿ ਵੱਖ ਵੱਖ ਚਲਾਈਆਂ ਜਾ ਰਹੀਆਂ ਸਕੀਮਾਂ ਅਧੀਨ ਲਾਭਪਾਤਰੀ ਘੱਟ ਲਾਭ ਲੈ ਰਹੇ ਹਨ। ਇਸ ਲਈ ਇਨ੍ਹਾਂ ਸਕੀਮਾਂ ਵਿੱਚ ਹੋਰ ਜਿਆਦਾ ਲਾਭਪਾਤਰੀਆਂ ਨੂੰ ਲਾਭ ਦੇਣ ਲਈ ਇਨ੍ਹਾਂ ਸਕੀਮਾਂ ਨੂੰ ਹੋਰ ਕਿਵੇਂ ਬਿਹਤਰ ਤਰੀਕੇ ਨਾਲ ਚਲਾਇਆਂ ਜਾ ਸਕਦਾ ਹੈ, ਵੱਖ ਵੱਖ ਵਿਭਾਗਾਂ ਵਲੋਂ ਉਪਰਾਲੇ ਕੀਤੇ ਜਾ ਰਹੇ ਹਨ। ਇਨ੍ਹਾਂ ਸਕੀਮਾਂ ਨੂੰ ਹੋਰ ਬਿਹਤਰ ਤਰੀਕੇ ਨਾਲ ਚਲਾਉਣ ਲਈ ਬਹੁਤਕਨੀਕੀ

ਕਾਲਜਾਂ ਨੂੰ 17 ਕਾਲਮਾਂ ਦਾ ਪ੍ਰੋਫਾਰਮਾ ਭੇਜਣ ਲਈ ਮਿਤੀ ਬੱਧ ਕੀਤਾ ਜਾਵੇਗਾ ਅਤੇ ਪ੍ਰਿੰਸੀਪਲ ਇਹ ਯਕੀਨੀ ਬਣਾਉਣਗੇ ਕਿ ਮਿਥੀ ਮਿਤੀ ਤੱਕ ਸੰਸਥਾਵਾਂ ਵਲੋਂ ਇਹ ਪ੍ਰੋਫਾਰਮਾ ਅਤੇ ਹੋਰ ਲੋੜੀਂਦੇ ਦਸਤਾਵੇਜ ਇਸ ਡਾਇਰੈਕਟੋਰੇਟ ਨੂੰ ਭੇਜੇ ਜਾਣ। ਆਪ ਇਹ ਵੀ ਤਸਦੀਕ ਕਰੋਗੇ ਕਿ ਵਿਦਿਆਰਥੀਆਂ ਨੂੰ ਇਹਨਾਂ ਸਕੀਮਾਂ ਅਧੀਨ ਵੱਧ ਤੋਂ ਵੱਧ ਲਾਭ ਲੈਣ ਲਈ ਆਪਣੇ ਪੱਧਰ ਤੇ ਜਾਗਰੂਕ ਕੀਤਾ ਜਾਵੇ ਤਾਂ ਜੋ ਜਿਹੜਾ ਭਲਾਈ ਵਿਭਾਗ ਵਲੋਂ ਮਹਿਸੂਸ ਕੀਤਾ ਗਿਆ ਹੈ ਕਿ ਇਹਨਾਂ ਸਕੀਮਾਂ ਤੋਂ ਲਾਭਪਾਤਰੀ ਘੱਟ ਲਾਭ ਲੈ ਰਹੇ ਹਨ, ਨੂੰ ਕਵਰ ਕੀਤਾ ਜਾ ਸਕੇ। ਆਪ ਕੇਸ ਭੇਜਦੇ ਸਮੇਂ ਇਹ ਵੀ ਤਸਦੀਕ ਕਰੋਗੇ ਇਸ ਤੋਂ ਇਲਾਵਾ ਹੋਰ ਕੋਈ ਵੀ ਲਾਭਪਾਤਰੀ ਦਾ ਕੇਸ ਪੈਂਡਿੰਗ ਨਹੀਂ ਹੈ।

ਇਹ ਬੇਨਤੀ ਕੀਤੀ ਜਾਂਦੀ ਹੈ ਕਿ ਸਾਲ 2012-13 ਦੇ ਐਸ.ਸੀ./ਬੀ.ਸੀ. ਵਿਦਿਆਰਥੀਆਂ ਨਾਲ ਸਬੰਧਤ ਕੇਸ ਹਰ ਪੱਖੋਂ ਮੁਕੰਮਲ ਕਰਕੇ ਭਲਾਈ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਮਿਤੀ 30.11.2012 ਤੱਕ ਭੇਜੇ ਜਾਣ ਅਤੇ ਨਾਲ ਹੀ ਇਹ ਵੀ ਤਸਦੀਕ ਕੀਤਾ ਜਾਵੇ ਕਿ ਆਪ ਕੋਲ ਹੋਰ ਕਿਸੇ ਵਿਦਿਆਰਥੀ ਦਾ ਕੇਸ/ਕਲੇਮ ਦੇਣ ਲਈ ਬਕਾਇਆ ਨਹੀਂ ਹੈ।

ਵਧੀਕ ਡਾਇਰੈਕਟਰ,
ਵਾ: ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।